ਬੱਚਿਆਂ ਲਈ ਬਾਈਬਲ

ਉੱਪਸਥਿਤ



# ਉਹ ਮਨੁੱਖ ਜਿਹੜਾ ਨਹੀਂ ਝੁਕੇਗਾ

ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Jonathan Hay

ਦੁਆਰਾ ਬਦਲਿਆ ਗਿਆ : Mary-Anne S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2017 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਬਾਦਸ਼ਾਹ ਨਬੂਕਦਨੇਸਰ ਨੇ ਬਹੁਤ ਵੱਡੀ ਸੋਨੇ ਦੀ ਮੂਰਤ ਬਣਵਾਈ। ਉਹ ਸਿਰ ਤੋਂ ਪੈਰਾਂ ਤੀਕਰ ਸੋਨੇ ਦੀ ਸੀਂ। ਸ਼ਾਇਦ ਬਾਦਸ਼ਾਹ ਸੁਫਨਾਂ ਭੁੱਲ ਗਿਆ ਜੋ ਪਰਮੇਸ਼ਵਰ ਦੱਸਣ ਲਈ ਭੇਜਿਆ ਸੀਂ ਕੀ ਉਸਦਾ ਸੋਨੇ ਦਾ ਰਾਜ ਸਦਾ ਤੀਕਰ ਕਾਇਮ ਨਹੀਂ ਰਹੇਗਾ।



ਸ਼ਾਇਦ ਉਸਨੇ ਸੋਚਿਆ ਹੋਣਾ ਜੇਕਰ
ਉਹ ਸਾਰੀ ਹੀ ਮੂਰਤ ਸੋਨੇ ਦੀ
ਬਣਵਾਵੇ, ਤਾਂ ਉਸਦੇ ਸੁਫਨੇਂ
ਵਿੱਚਲੇ ਪਰਮੇਸ਼ਵਰ ਦੇ
ਵਚਨ ਸੱਚ ਨਹੀਂ ਹੋਣਗੇ।



ਬਾਦਸ਼ਾਹ ਦੇ ਚਾਕਰਾਂ ਵਿੱਚੋਂ ਇੱਕ ਨੇ ਸਾਰਿਆਂ ਲਈ ਹੁਕਮ ਪੜਿਆ: “ ... ਤੁਹਾਨੂੰ ਡਿੱਗ ਕੇ ਸੋਨੇ ਦੀ ਮੂਰਤ ਨੂੰ ਪ੍ਣਾਮ ਕਰਨਾਂ ਹੋਵੇਗਾ। ਅਤੇ ਜਿਹੜਾ ਕੋਈ ਡਿੱਗ ਕੇ ਸਿਜਦਾ ਨਾਂ ਕਰੇ ... ਉਹ ਅੱਗ ਦੀ ਬਲਦੀ ਹੋਈ ਭੱਠੀ ਵਿੱਚ ਸੁੱਟਿਆ ਜਾਵੇਗਾ। ”



ਸਾਰਿਆਂ ਨੇ ਬਾਦਸ਼ਾਹ ਦੇ ਹੁਕਮ ਅਨੁਸਾਰ ਕੀਤਾ – ਤਿੰਨ ਮਨੁੱਖਾਂ ਨੂੰ ਛੱਡ ਕੇ। ਇਹ ਯਹੂਦੀ ਮਨੁੱਖ ਸਨ। ਇਹ ਸ਼ਦਰਕ, ਮੇਸ਼ਕ ਅਤੇ ਅਬੇਦਨਗੋ ਦਾਨੀਏਲ ਦੇ ਦੋਸਤ ਸਨ।



ਇਸ ਦਾ ਅਰਥ ਹੈ ਕੀ ਦਾਨੀਏਲ ਉਸ ਵੇਲੇ ਉੱਥੇ
ਨਹੀ ਸੀਂ, ਸੱਚ ਮੁੱਚ ਉਸ ਨੇ ਵੀ ਮਨੁੱਖ ਦੀ ਬਣਾਈ
ਹੋਈ ਮੂਰਤ ਨੂੰ ਸਿਜਦਾ ਕਰਨ ਤੋਂ ਮਨਾ
ਕਰ ਦਿੱਤਾ
ਹੁੰਦਾ।



ਬਾਦਸ਼ਾਹ ਦੇ ਗਿਆਨੀ ਦਾਨੀਏਲ ਅਤੇ ਉਸਦੇ ਮਿੱਤਰਾਂ ਤੋਂ ਨਫ਼ਰਤ ਕਰਦੇ ਸੀ ਕਿਉਂਕਿ ਬਾਦਸ਼ਾਹ ਉਹਨਾਂ ਨੂੰ ਪਸੰਦ ਕਰਦਾ ਸੀਂ। ਤਾਂ ਉਹਨਾਂ ਆਖਿਆ, “ਉਹ ਤਿੰਨ ਮਨੁੱਖ ਜਿਹਨਾਂ ਨੂੰ ਤੁਸੀ ਬੇਬੀਲੋਨ ਦੇ ਸੂਬੇ ਦੇ ਵਿਹਾਰ ਉੱਤੇ ਥਾਪਿਆ ਹੈ ਸ਼ਦਰਕ, ਮੇਸ਼ਕ ਅਤੇ ਅਬੇਦਨਗੋ।



ਇਹਨਾਂ ਮਨੁੱਖਾਂ ਨੇ ਹੇ ਬਾਦਸ਼ਾਹ ਤੁਹਾਡਾ ਆਦਰ ਨਹੀ ਕੀਤਾ। ਨਾਂ ਤਾਂ ਉਹ ਤੁਹਾਡੇ ਦੇਵਤਿਆਂ ਦੀ ਸੇਵਾ ਕਰਦੇ ਨਾਂ ਉਸ ਸੋਨੇ ਦੀ ਮੂਰਤ ਦੇ ਅੱਗੇ ਜਿਹ ਨੂੰ ਤੁਸਾਂ ਖੜਾ ਕੀਤਾ ਹੈ ਮੱਥਾ ਟੇਕਦੇ ਹਨ। ”



ਬਾਦਸ਼ਾਹ ਨਬੂਕਦਨੇਸਰ ਗੁੱਸੇ ਨਾਲ ਭਰ ਗਿਆ। ਉਸਨੇ ਉਹਨਾਂ ਨੂੰ ਚੇਤਾਵਨੀ ਦਿੱਤੀ, "ਜੇਕਰ ਤੁਸੀਂ ਮੱਥਾ ਨਾਂ ਟੇਕਿਆ, ਤੁਸੀਂ ਅੱਗ ਦੀ ਬਲਦੀ ਹੋਈ ਭੱਠੀ ਵਿੱਚ ਸੁੱਟੇ ਜਾਵੋਗੇ। ਅਤੇ ਉਹ ਕਿਹੜਾ ਦੇਵਤਾ ਹੈ ਜੋ ਤੁਹਾਨੂੰ ਮੇਰੇ ਹੱਥੋਂ ਬਚਾ ਲਵੇਗਾ?"



ਬਾਦਸ਼ਾਹ ਬਹੁਤ ਵੱਡੀ ਗਲਤੀ ਕਰ ਰਿਹਾ ਸੀਂ। ਉਹ ਸੱਚ ਮੁੱਚ ਜਿਉਂਦੇ ਪਰਮੇਸ਼ਵਰ ਨੂੰ ਚੁਨੌਤੀ ਦੇ ਰਿਹਾ ਸੀਂ। ਤਿੰਨੋ ਯਹੂਦੀ ਮਨੁੱਖ ਜਾਣਦੇ ਸਨ ਕੀ ਮੂਰਤ ਦੇ ਸਾਹਮਣੇ ਝੁਕਣਾ ਪਰਮੇਸ਼ਵਰ ਦੇ ਖਿਲਾਫ ਹੈ। ਉਹ ਖੜੇ ਰਹੇ। ਕਿਉਂਕਿ ਉਹਨਾਂ ਦਾ ਭਰੋਸਾ ਪਰਮੇਸ਼ਵਰ ਤੇ ਸੀਂ,
ਉਹ ਬਾਦਸ਼ਾਹ



ਤੋਂ ਨਹੀਂ ਡਰੇ।

ਇਹਨਾਂ ਤਿੰਨ ਨਿਡਰ ਮਨੁੱਖਾਂ ਕੋਲ ਬਾਦਸ਼ਾਹ ਲਈ ਉੱਤਰ ਸੀਂ। ਉਹਨਾਂ ਆਖਿਆ, “ਸਾਡਾ ਪਰਮੇਸ਼ਵਰ ਜਿਹ ਦੀ ਅਸੀਂ ਉਪਾਸਨਾ ਕਰਦੇ ਹਾਂ ਸਾਨੂੰ ਅੱਗ ਦੀ ਬਲਦੀ ਹੋਈ ਭੱਠੀ ਵਿੱਚੋਂ ਬਚਾਉਣ ਦੀ ਸ਼ਕਤੀ ਰੱਖਦਾ
ਹੈ।



ਪਰ ਜੇਕਰ ਨਹੀਂ, ਤਾਂ ਹੇ ਬਾਦਸ਼ਾਹ, ਤੁਹਾਨੂੰ ਇਹ ਪਤਾ ਹੋਵੇ ਕੀ ਅਸੀ ਤੁਹਾਡੇ ਦੇਵਤਿਆਂ ਦੀ ਸੇਵਾ ਨਹੀਂ ਕਰਾਂਗੇ ਅਤੇ ਨਾ ਉਸ ਸੋਨੇ ਦੀ ਮੂਰਤ ਅੱਗੇ ਜਿਹ ਨੂੰ ਤੁਸਾਂ ਖੜਾ ਕੀਤਾ ਹੈ ਮੱਥਾ ਟੇਕਾਂਗੇ।”



ਬਾਦਸ਼ਾਹ ਨਬੂਕਦਨੇਸਰ ਕ੍ਰੋਧ ਨਾਲ ਲਾਲ ਹੋ ਗਿਆ। ਉਹ ਨੇ ਹੁਕਮ ਦਿੱਤਾ ਕੀ ਭੱਠੀ ਨੂੰ ਦਸਤੂਰ ਨਾਲੋਂ ਸੱਤ ਗੁਣਾ ਹੋਰ ਤਾਉ ਦਿਓ। ਅਜੇ ਵੀ ਮਨੁੱਖ ਨਹੀ ਝੁਕੇ ਸਨ।





ਬਾਦਸ਼ਾਹ ਨੇ ਆਪਣੀ ਸੈਨਾਂ ਦੇ ਤਕੜੇ
ਪਹਿਲਵਾਨਾਂ ਨੂੰ
ਹੁਕਮ ਦਿੱਤਾ
ਕਿ ਸ਼ਦਰਕ,

ਮੇਸ਼ਕ
ਅਤੇ
ਅਬੇਦਨਗੋ
ਨੂੰ ਬੰਨ੍ਹ
ਕੇ ਅੱਗ ਦੀ ਬਲਦੀ ਹੋਈ
ਭੱਠੀ ਵਿੱਚ ਸੁੱਟ ਦੇਣ।

ਭੱਠੀ ਦਾ ਤਾਓ ਅੱਤ ਵਧੀਕ ਸੀ
ਇਸ ਕਰਕੇ ਜਿਹਨਾਂ ਮਨੁੱਖਾਂ ਨੇ
ਸ਼ਦਰਕ, ਮੇਸ਼ਕ ਅਤੇ
ਅਬੇਦਨਗੋ ਨੂੰ ਅੱਗ
ਵਿੱਚ ਸੁੱਟਿਆ ਸੀਂ
ਤਾਓ ਨਾਲ
ਹੀ ਮਰ
ਗਏ।



ਬਾਦਸ਼ਾਹ ਸੁਰੱਖਸ਼ਿਤ ਜੁਗਾ ਤੋਂ ਵੇਖ ਰਿਹਾ ਸੀ। ਉਸਨੇ ਤਿੰਨ ਮਨੁੱਖਾਂ ਨੂੰ ਬਲਦੀ ਹੋਈ ਅੱਗ ਦੀ ਭੱਠੀ ਦੇ ਵਿਚਕਾਰ ਸੁੱਟਦੇ ਵੇਖਿਆ। ਪਰ ਉਸ ਨੇ ਏਨਾਂ ਹੀ ਨਹੀ ਵੇਖਿਆ ਸੀ!



ਬਾਦਸ਼ਾਹ ਨਬੂਕਦਨੇਸਰ ਹੱਕਾ ਬੱਕਾ ਹੋ ਗਿਆ! “ਕੀ ਅਸਾਂ ਤਿੰਨ ਬੰਦਿਆਂ ਨੂੰ ਬੰਨ੍ਹਵਾ ਕੇ ਅੱਗ ਵਿੱਚ ਨਹੀਂ ਸੁਟਵਾਇਆ?” ਉਸ ਨੇ ਆਪਣੇ ਸਲਾਹਕਾਰਾਂ ਨੂੰ ਆਖਿਆ। ਉਹਨਾਂ ਨੇ ਉੱਤਰ ਦਿੱਤਾ, “ਸੱਚ ਹੈ।”



ਉਸਨੇ ਆਖਿਆ, “ਵੇਖੋ! ਮੈ ਚਾਰ ਮਨੁੱਖ ਆਗ ਵਿੱਚ ਖੁੱਲੇ ਫਿਰਦੇ ਵੇਖਦਾ ਹਾ ਅਤੇ ਉਹਨਾਂ ਨੂੰ ਕੁਝ ਦੁੱਖ ਨਹੀ ਹੈ। ਅਤੇ ਚੌਥੇ ਦਾ ਸਰੂਪ ਪਰਮੇਸ਼ਵਰ ਦੇ ਪੁੱਤਰ ਦਾ ਹੈ!”



ਅੱਗ ਦੀ ਬਲਦੀ ਹੋਈ ਭੱਠੀ ਦੇ ਬੂਹੇ ਦੇ ਨੇੜੇ ਹੋ ਕੇ ਬਾਦਸ਼ਾਹ ਬੋਲਿਆ, “ਹੇ ਸ਼ਦਰਕ, ਮੇਸ਼ਕ ਅਤੇ ਅਬੇਦਨਗੋ, ਅੱਤ ਮਹਾਨ ਪਰਮੇਸ਼ਵਰ ਦੇ ਬੰਦਿਓ, ਬਾਹਰ ਨਿਕਲ ਆਓ!” ਤਾਂ ਸ਼ਦਰਕ, ਮੇਸ਼ਕ ਅਤੇ ਅਬੇਦਨਗੋ



ਬਲਦੀ ਹੋਈ ਭੱਠੀ ਵਿੱਚੋਂ ਨਿੱਕਲ ਆਏ।

ਸਾਰੇ ਇਕੱਠੇ ਹੋਏ ਅਤੇ ਤਿੰਨਾਂ ਯਹੂਦੀਆਂ ਨੂੰ ਪਰਖਿਆ। ਉਹਨਾਂ ਵੇਖਿਆ ਕੀ ਅੱਗ ਦਾ ਉਹਨਾਂ ਉੱਤੇ ਕੋਈ ਵੱਸ ਨਹੀਂ ਸੀ ਚੱਲਿਆ। ਨਾਂ ਉਹਨਾਂ ਦੇ ਸਿਰ ਦੇ ਵਾਲ ਝੁਲਸੇ, ਨਾ ਉਹਨਾਂ ਦੇ ਕੱਪੜਿਆਂ ਵਿੱਚ ਕੁਝ ਫਰਕ ਪਿਆ। ਨਾ ਹੀ ਉਹਨਾਂ ਤੋਂ ਅੱਗ ਦੇ ਜਲਣ ਦੀ ਦੁਰਗੰਦ ਆਉਂਦੀ ਸੀ।



ਜਦ ਉਸ ਨੇ ਜੋ ਹੋਇਆ ਸੀਂ ਮਹਿਸੂਸ ਕੀਤਾ, ਬਾਦਸ਼ਾਹ ਨਬੂਕਦਨੇਸਰ ਨੇ ਕੁਝ ਬਹੁਤ ਹੀ ਸਿਆਣਪ ਵਿਖਾਈ।



ਉਸਨੇ ਪ੍ਰਾਥਨਾ ਕੀਤੀ ਅਤੇ ਆਖਿਆ, “ਸ਼ਦਰਕ ਮੇਸ਼ਕ ਅਤੇ ਅਬੇਦਨਗੋ ਦਾ ਪਰਮੇਸ਼ਵਰ ਮੁਬਾਰਕ ਹੋਵੇ, ਜਿਸ ਨੇ ਆਪਣੇ ਦੂਤ ਨੂੰ ਘੱਲਿਆ ਅਤੇ ਆਪਣੇ ਬੰਦਿਆਂ ਨੂੰ ਛੁਡਾ ਲਿਆ ਜਿਹਨਾਂ ਨੇ ਉਸ ਉੱਤੇ ਨਿਹਚਾ ਕੀਤੀ।”



# ਉਹ ਮਨੁੱਖ ਜਿਹੜਾ ਨਹੀਂ ਝੁਕੇਗਾ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਦਾਨੀਏਲ ਦੀ ਕਿਤਾਬ 3

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130


ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ
ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ
ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ
ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ
ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ
ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ
ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ
ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ
ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ
ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ
ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ਼ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋ਼ਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16